# ਪਰਿਵਾਰ ਲਈ ਸਿੱਖਿਆ ਸ਼ੀਟ
## ਨਾਸੋਗੈਸਟ੍ਰਿਕ (NG) ਫੀਡਿੰਗ ਟਿਊਬ ਨੂੰ ਪਾਉਣਾ

UCDAVIS HEALTH | CHILDREN'S HOSPITAL

ਇਸ ਤੋਂ ਸਮੱਗਰੀ ਸ਼ਾਮਲ ਹੈ: "Inserting a Nasogastric (NG) Feeding Tube", Boston Children's Hospital, 9/20/2017, #166533: ਇਜਾਜ਼ਤ ਨਾਲ ਵਰਤੀ ਗਈ।

**ਇਹ ਪਰਿਵਾਰ ਲਈ ਸਿੱਖਿਆ ਸ਼ੀਟ ਤੁਹਾਨੂੰ ਨੈਸੋਗੈਸਟ੍ਰਿਕ (NG) ਫੀਡਿੰਗ ਟਿਊਬ ਪਾਉਣ ਦਾ ਤਰੀਕਾ ਸਿਖਾਉਂਦੀ ਹੈ।**

ਇਹ ਉਨ੍ਹਾਂ ਪਰਿਵਾਰਾਂ ਲਈ ਜਿਨ੍ਹਾਂ ਨੂੰ ਘਰ ਵਿੱਚ ਆਪਣੇ ਬੱਚੇ ਦੀ NG ਟਿਊਬ ਬਦਲਣ ਦੀ ਸਿਖਲਾਈ ਦਿੱਤੀ ਗਈ ਹੈ, UC Davis Children's Hospital ਦੀ ਪਰਿਵਾਰ ਲਈ ਸਿੱਖਿਆ ਸ਼ੀਟ: **ਨੈਸੋਗੈਸਟ੍ਰਿਕ (NG) ਫੀਡਿੰਗ ਟਿਊਬ ਦੀ ਵਰਤੋਂ ਅਤੇ ਦੇਖਭਾਲ** ਦੀ ਪੂਰਕ ਹੈ।

### ਮੇਰੇ ਬੱਚੇ ਦੀ NG ਟਿਊਬ ਨੂੰ ਕਿੰਨੀ ਵਾਰ ਬਦਲਿਆ ਜਾਂਦਾ ਹੈ?

- NG ਟਿਊਬਾਂ ਨੂੰ ਆਮ ਤੌਰ 'ਤੇ ਮਹੀਨੇ ਵਿੱਚ ਇੱਕ ਵਾਰ ਜਾਂ ਜੇ ਟਿਊਬ ਡਿੱਗ ਜਾਂਦੀ ਹੈ ਤਾਂ ਪਹਿਲਾਂ ਬਦਲਿਆ ਜਾਂਦਾ ਹੈ। ਜੇ ਸੰਭਵ ਹੋਵੇ, ਜਦੋਂ NG ਟਿਊਬ ਨੂੰ ਬਦਲਣ ਦੀ ਲੋੜ ਹੋਵੇ, ਤਾਂ ਦੂਜੀ ਨਾਸ ਦੀ ਵਰਤੋਂ ਕਰੋ।

### ਤੁਹਾਡੇ ਬੱਚੇ ਦੀ NG ਟਿਊਬ:

- ਕਿਸਮ ______________ Fr ________ ਲੰਬਾਈ ____________
- ਨਾਸ 'ਤੇ ਨਿਸ਼ਾਨ ________________ cm (ਸੈ.ਮੀ.)
- ਲਗਾਏ ਜਾਣ ਦੀ ਤਾਰੀਖ਼ ________________

#### ਜੇ ਮੇਰੇ ਕੋਈ ਸਵਾਲ ਹੋਣ ਤਾਂ ਮੈਂ ਕਿਸਨੂੰ ਕਾਲ ਕਰ ਸਕਦਾ/ਸਕਦੀ ਹਾਂ?

ਤੁਹਾਡੇ ਬੱਚੇ ਦਾ ਡਾਕਟਰ ਜਾਂ ਪ੍ਰਦਾਤਾ:

__________________________________________

### ਮੈਂ ਆਪਣੇ ਬੱਚੇ ਦੀ NG ਟਿਊਬ ਪਾਉਣ ਦੀ ਤਿਆਰੀ ਕਿਵੇਂ ਕਰਾਂ?


- NG ਟਿਊਬ ਪਾਉਣ ਤੋਂ ਘੱਟੋ-ਘੱਟ 30 ਮਿੰਟ ਪਹਿਲਾਂ ਆਪਣੇ ਬੱਚੇ ਨੂੰ ਕੁਝ ਵੀ ਖਾਣ ਜਾਂ ਪੀਣ ਲਈ **ਨਾ** ਦਿਓ।
- **ਆਪਣੇ ਹੱਥਾਂ ਨੂੰ ਸਾਬਣ ਅਤੇ ਪਾਣੀ ਦੇ ਨਾਲ ਧੋਵੋ।**

ਇਹ ਚੀਜ਼ਾਂ ਇਕੱਠੀਆਂ ਕਰੋ:

- 5 ਮਿ.ਲੀ. ਅਤੇ 10 ਮਿ.ਲੀ. ਫੀਡਿੰਗ ਟਿਊਬ ਸਰਿੰਜਾਂ (ਜਿਵੇਂ ਕਿ EnFit® ਸਰਿੰਜ)
- NG ਫੀਡਿੰਗ ਟਿਊਬ।
- ਪਰਮਾਨੈਂਟ ਮਾਰਕਰ
- ਪਾਣੀ ਦਾ ਛੋਟਾ ਕੱਪ
- ਬੈਰੀਅਰ ਫਿਲਮ ਸਟਿਕਾਂ/ਸਵੈਬ, (ਜਿਵੇਂ ਕਿ Cavilon No Sting Barrier®)
- ਟੇਪ
- ਹਾਈਡ੍ਰੋਕਲੋਇਡ ਚਮੜੀ ਦੀ ਰੱਖਿਆ ਕਰਨ ਵਾਲੀ ਡ੍ਰੈਸਿੰਗ, (ਜਿਵੇਂ ਕਿ Duoderm®)
- ਪਾਰਦਰਸ਼ੀ ਡ੍ਰੈਸਿੰਗ, (ਉਦਾਹਰਨ ਲਈ Tagaderm®)
- ਕੈਂਚੀ
- ਪਾਣੀ ਵਿੱਚ ਘੁਲਣਸ਼ੀਲ ਲੁਬਰੀਕੈਂਟ, (ਜਿਵੇਂ ਕਿ KY Jelly®)

### ਆਪਣਾ ਸਮਾਨ ਤਿਆਰ ਕਰੋ:

- ਬੈਰੀਅਰ ਫਿਲਮ ਸਟਿਕਾਂ/ਸਵੈਬ ਅਤੇ ਪਾਣੀ ਵਿੱਚ ਘੁਲਣਸ਼ੀਲ ਲੁਬਰੀਕੈਂਟ ਖੋਲ੍ਹੋ। ਉਨ੍ਹਾਂ ਨੂੰ ਪੈਕੇਜਾਂ ਵਿੱਚ ਇੱਕ ਪਾਸੇ ਰੱਖ ਦਿਓ।
- ਬੱਚੇ ਦੀ ਚਮੜੀ ਨੂੰ ਟਿਊਬ ਤੋਂ ਬਚਾਉਣ ਲਈ ਹਾਈਡ੍ਰੋਕਲੋਇਡ ਚਮੜੀ ਦੀ ਰੱਖਿਆ ਕਰਨ ਵਾਲੀ ਡ੍ਰੈਸਿੰਗ ਦਾ ਇੰਨਾ ਟੁਕੜਾ ਕੱਟੋ ਜੋ ਬੱਚੇ ਦੇ ਚਿਹਰੇ ਦੇ ਪਾਸੇ ਫਿੱਟ ਆ ਜਾਵੇ।
- NG ਟਿਊਬ ਨੂੰ ਆਪਣੇ ਬੱਚੇ ਦੇ ਚਿਹਰੇ 'ਤੇ ਸੁਰੱਖਿਅਤ ਕਰਨ ਲਈ ਟੇਪ ਦੇ ਛੋਟੇ-ਛੋਟੇ ਟੁਕੜੇ ਕੱਟੋ।
- NG ਟਿਊਬ ਦੇ ਉੱਪਰ ਲਗਾਉਣ ਲਈ ਪਾਰਦਰਸ਼ੀ ਡ੍ਰੈਸਿੰਗ ਦਾ ਛੋਟਾ ਜਿਹਾ ਟੁਕੜਾ ਕੱਟੋ।





**ਚਿੱਤਰ 1**
NG ਟਿਊਬ ਪਾਉਣ ਲਈ ਚੀਜ਼ਾਂ।

### ਕੀ ਮੈਂ ਉਹੀ NG ਟਿਊਬ ਦੁਬਾਰਾ ਵਰਤ ਸਕਦਾ/ਸਕਦੀ ਹਾਂ?

- ਤੁਸੀਂ ਇੱਕੋ ਟਿਊਬ ਨੂੰ ਦੋ-ਤਿੰਨ ਵਾਰ, ਜੇ ਇਹ ਅਜੇ ਵੀ ਕੰਮ ਕਰ ਰਹੀ ਹੈ ਤਾਂ ਇੱਕ ਮਹੀਨੇ ਤੱਕ ਵਰਤ ਸਕਦੇ ਹੋ।
- NG ਟਿਊਬ ਨੂੰ ਪਾਣੀ ਨਾਲ ਫਲੱਸ਼ ਕਰ ਕੇ ਛੋਟੀਆਂ ਤਰੇੜਾਂ ਜਾਂ ਚੀਰਿਆਂ ਦੀ ਜਾਂਚ ਕਰੋ। ਜੇ ਟਿਊਬ ਦੇ ਸਿਰੇ ਤੋਂ ਇਲਾਵਾ ਕਿਤੋਂ ਵੀ ਪਾਣੀ ਨਿਕਲਦਾ ਹੈ ਤਾਂ ਟਿਊਬ ਨੂੰ ਸੁੱਟ ਦਿਓ।
- ਦੁਬਾਰਾ ਪਾਉਣ ਤੋਂ ਪਹਿਲਾਂ ਟਿਊਬ ਨੂੰ ਗਰਮ ਪਾਣੀ ਅਤੇ ਥੋੜ੍ਹੇ ਜਿਹੇ ਡਿਸ਼ ਸਾਬਣ ਨਾਲ ਧੋਵੋ ਅਤੇ ਫਲੱਸ਼ ਕਰਕੇ ਚੰਗੀ ਤਰ੍ਹਾਂ ਪਾਣੀ ਵਿੱਚ ਹੰਘਾਲ ਲਵੋ।
- ਟਿਊਬ ਨੂੰ ਦੁਬਾਰਾ ਪਾਉਣਾ ਆਸਾਨ ਬਣਾਉਣ ਲਈ, ਤੁਸੀਂ ਟਿਊਬ ਨੂੰ ਪਲਾਸਟਿਕ ਬੈਗ ਵਿੱਚ ਪਾ ਸਕਦੇ ਹੋ ਅਤੇ ਬਦਲਣ ਤੋਂ ਪਹਿਲਾਂ 10-15 ਮਿੰਟ ਲਈ ਫ੍ਰੀਜ਼ਰ ਵਿੱਚ ਰੱਖ ਸਕਦੇ ਹੋ।

### NG ਟਿਊਬ ਪਾਉਣ ਤੋਂ ਪਹਿਲਾਂ ਜਾਣਨ ਲਈ ਕੁਝ ਸੁਝਾਅ:

- ਜੇ NG ਟਿਊਬ ਆਸਾਨੀ ਨਾਲ ਅੰਦਰ ਨਹੀਂ ਖਿਸਕਦੀ, ਤਾਂ ਕੁਝ ਸਕਿੰਟਾਂ ਲਈ ਰੁਕੋ। ਫਿਰ ਦੁਬਾਰਾ ਕੋਸ਼ਿਸ਼ ਕਰੋ। ਤੁਸੀਂ ਦੂਜੀ ਨਾਸ ਵਿੱਚ ਵੀ ਕੋਸ਼ਿਸ਼ ਕਰ ਸਕਦੇ ਹੋ।
- ਜੇ ਤੁਸੀਂ ਹਾਲੇ ਵੀ ਆਸਾਨੀ ਨਾਲ ਟਿਊਬ ਨਹੀਂ ਪਾ ਸਕਦੇ ਹੋ, ਤਾਂ ਟਿਊਬ 'ਤੇ ਜ਼ੋਰ ਨਾ ਲਗਾਓ। ਆਪਣੇ ਬੱਚੇ ਦੇ ਡਾਕਟਰ ਜਾਂ ਨਰਸ ਨੂੰ ਫੋਨ ਕਰੋ।
- ਤੁਹਾਡਾ ਬੱਚਾ ਸ਼ਾਇਦ ਹੱਬੂ (ਗੈਗ) ਆਵੇ। ਜਦੋਂ ਇਹ ਹੁੰਦਾ ਹੈ, ਤਾਂ ਕੁਝ ਸਕਿੰਟਾਂ ਲਈ ਰੁਕੋ ਜਦੋਂ ਤੱਕ ਹੱਬੂ ਬੰਦ ਨਹੀਂ ਹੋ ਜਾਂਦਾ। ਜੇ ਢੁੱਕਵਾਂ ਹੋਵੇ, ਤਾਂ ਜਦੋਂ ਤੁਸੀਂ ਟਿਊਬ ਅੰਦਰ ਪਾਉਂਦੇ ਹੋ ਤਾਂ ਆਪਣੇ ਬੱਚੇ ਨੂੰ ਪਾਣੀ ਦੇ ਕੁਝ ਘੁੱਟ ਨਿਗਲਣ ਜਾਂ ਪੀਣ ਦੀ ਕੋਸ਼ਿਸ਼ ਕਰਨ ਦਿਓ ਤਾਂ ਜੋ ਟਿਊਬ ਨੂੰ ਹੇਠਾਂ ਜਾਣ ਵਿੱਚ ਮਦਦ ਮਿਲ ਸਕੇ। ਨਵਜਾਤ ਬੱਚਿਆਂ ਲਈ, ਪੈਸੀਫਾਇਰ ਚੂਸਣ ਨਾਲ ਮਦਦ ਮਿਲ ਸਕਦੀ ਹੈ।
- ਜਦੋਂ ਟਿਊਬ ਅੰਦਰ ਜਾਂਦੀ ਹੈ ਤਾਂ ਤੁਹਾਡਾ ਬੱਚਾ ਖੰਘ ਸਕਦਾ ਹੈ, ਪਰ ਖੰਘ ਬੰਦ ਹੋ ਜਾਣੀ ਚਾਹੀਦੀ ਹੈ।
- **ਜੇ ਤੁਹਾਡਾ ਬੱਚਾ ਬਹੁਤ ਜ਼ਿਆਦਾ ਖੰਘਦਾ ਹੈ, ਉਸਦੇ ਮੂੰਹ ਦੇ ਆਲੇ-ਦੁਆਲੇ ਨੀਲਾ ਰੰਗ ਆ ਜਾਂਦਾ ਹੈ, ਜਾਂ ਉਹ ਚੰਗੀ ਤਰ੍ਹਾਂ ਸਾਹ ਨਹੀਂ ਲੈ ਸਕਦਾ, ਜਾਂ ਟਿਊਬ ਮੂੰਹ ਵਿੱਚੋਂ ਬਾਹਰ ਆ ਰਹੀ ਹੈ ਤਾਂ ਤੁਰੰਤ NG ਟਿਊਬ ਬਾਹਰ ਕੱਢ ਲਵੋ।**



## NG ਟਿਊਬ ਨੂੰ ਪਾਉਣ ਅਤੇ ਸੁਰੱਖਿਅਤ ਕਰਨ ਦਾ ਤਰੀਕਾ

### ਆਪਣੇ ਹੱਥ ਧੋਣ ਅਤੇ ਆਪਣੀਆਂ ਚੀਜ਼ਾਂ ਤਿਆਰ ਕਰਨ ਤੋਂ ਬਾਅਦ, ਟਿਊਬ ਨੂੰ ਮਾਪੋ ਕਿ ਇਸਨੂੰ ਕਿੰਨੀ ਦੂਰ ਤੱਕ ਰੱਖਣ ਦੀ ਲੋੜ ਹੈ:

- ਜੇ NG ਵਿੱਚ ਸਟਾਈਲਟ ਹੈ, ਤਾਂ ਇਸਨੂੰ ਟਿਊਬ ਤੋਂ ਹਟਾ ਦਿਓ।
- NG ਟਿਊਬ ਦੇ ਸਿਰੇ ਨੂੰ ਆਪਣੇ ਬੱਚੇ ਦੇ ਨੱਕ 'ਤੇ ਰੱਖੋ। (ਚਿੱਤਰ 2, ਪੰਨਾ 2)
- NG ਟਿਊਬ ਨੂੰ ਆਪਣੇ ਬੱਚੇ ਦੇ ਕੰਨ ਦੀ ਲੌਲ ਤੱਕ ਫੈਲਾਓ।
- ਫਿਰ, NG ਨੂੰ ਕੰਨ ਦੀ ਲੌਲ ਤੋਂ ਛਾਤੀ ਦੀ ਹੱਡੀ ਦੇ ਹੇਠਲੇ ਹਿੱਸੇ (ਜ਼ਾਈਫੌਇਡ ਪ੍ਰਕਰਿਆ) ਅਤੇ ਧੁੰਨੀ ਦੇ ਅੱਧ ਵਿਚਕਾਰ ਤੱਕ ਫੈਲਾਓ। ਇਹ ਉਹ ਥਾਂ ਹੈ ਜਿੱਥੇ ਉਸਦਾ ਦਾ ਪੇਟ ਹੈ। (ਚਿੱਤਰ 2, ਪੰਨਾ 2 'ਤੇ ਤੀਰ)।
- ਇੱਕ ਗੂੜ੍ਹੇ ਪਰਮਾਨੈਂਟ ਮਾਰਕਰ ਦੀ ਵਰਤੋਂ ਕਰਦੇ ਹੋਏ ਟਿਊਬ 'ਤੇ ਇਸ ਥਾਂ 'ਤੇ ਨਿਸ਼ਾਨ ਲਗਾਓ। ਇਹ ਦਰਸਾਉਂਦਾ ਹੈ ਕਿ ਟਿਊਬ ਦੇ ਪੇਟ ਤੱਕ ਪਹੁੰਚਣ ਲਈ ਇਸਦਾ ਕਿੰਨਾ ਹਿੱਸਾ

### ਆਪਣੇ ਬੱਚੇ ਨੂੰ ਸਥਿਤੀ ਵਿੱਚ ਲਿਆਉਣਾ ਅਤੇ NG ਨੂੰ ਪਾਉਣਾ:

- ਜੇ ਲੋੜ ਹੋਵੇ, ਤਾਂ NG ਟਿਊਬ ਪਾਉਣ ਵੇਲੇ ਆਪਣੇ ਪਰਿਵਾਰ ਦੇ ਕਿਸੇ ਮੈਂਬਰ ਜਾਂ ਦੋਸਤ ਨੂੰ ਤੁਹਾਡੇ ਬੱਚੇ ਨੂੰ ਫੜਨ ਲਈ ਕਹੋ।
- ਜੇ ਉਮਰ ਅਨੁਸਾਰ ਢੁੱਕਵਾਂ ਹੋਵੇ, ਤਾਂ ਟਿਊਬ ਲਗਾਉਣ ਦੌਰਾਨ ਆਪਣੇ ਬੱਚੇ ਨਾਲ ਗੱਲ ਕਰਨਾ ਅਤੇ ਇਹ ਸਮਝਾਉਣਾ ਮਦਦਗਾਰ ਹੋ ਸਕਦਾ ਹੈ ਕਿ ਤੁਸੀਂ ਕੀ ਕਰ ਰਹੇ ਹੋ।
- ਜੇ ਤੁਹਾਡਾ ਬੱਚਾ ਛੋਟਾ ਹੈ, ਤਾਂ ਉਸਦੀਆਂ ਬਾਂਹਾਂ ਨੂੰ ਪਾਸਿਆਂ 'ਤੇ ਰੱਖ ਕੇ ਉਸਨੂੰ ਕੰਬਲ ਵਿੱਚ ਲਪੇਟੋ ਤਾਂ ਜੋ ਉਹ ਆਪਣੇ ਹੱਥਾਂ ਨੂੰ ਰਸਤੇ ਵਿੱਚ ਨਾ ਲਿਆ ਸਕੇ ਅਤੇ/ਜਾਂ NG ਟਿਊਬ ਨੂੰ ਖਿੱਚ ਨਾ ਸਕੇ।
- ਜੇ ਤੁਹਾਡਾ ਬੱਚਾ ਵੱਡਾ ਹੈ, ਤਾਂ ਉਸਨੂੰ ਸਿੱਧਾ ਬੈਠਣਾ ਚਾਹੀਦਾ ਹੈ। ਜੇ ਸੰਭਵ ਹੋਵੇ, ਤਾਂ ਆਪਣੇ ਬੱਚੇ ਦੀ ਠੋਡੀ ਨੂੰ ਥੋੜ੍ਹਾ ਜਿਹਾ ਉਸਦੀ ਛਾਤੀ ਵੱਲ ਅੰਦਰ ਕਰਾਓ। ਟਿਊਬ ਦੇ ਸਿਰੇ ਨੂੰ ਲੁਬਰੀਕੈਂਟ ਵਿੱਚ ਡੁਬੋਓ; ਇਸ ਨਾਲ ਇਹ ਤਿਲਕਵੀ ਬਣ ਜਾਂਦੀ ਹੈ ਅਤੇ ਪਾਉਣਾ ਆਸਾਨ ਹੋ ਜਾਂਦਾ ਹੈ।
- ਨੱਕ ਦੇ ਰਸਤੇ ਦੇ ਕੁਦਰਤੀ ਵਕਰ ਦੀ ਪਾਲਣਾ ਕਰਦੇ ਹੋਏ, ਹਲਕੀਆਂ ਉੱਪਰ ਅਤੇ ਪਿੱਛੇ ਦੀਆਂ ਹਰਕਤਾਂ ਦੀ ਵਰਤੋਂ ਕਰਦੇ ਹੋਏ, ਟਿਊਬ ਨੂੰ ਚੁਣੀ ਹੋਈ ਨਾਸ ਵਿੱਚ ਪਾਓ।
- ਟਿਊਬ ਨੂੰ ਨਰਮੀ ਨਾਲ ਅਤੇ ਤੇਜ਼ੀ ਨਾਲ ਅੱਗੇ ਵਧਾਓ ਜਦੋਂ ਤੱਕ ਕਿ ਟਿਊਬ 'ਤੇ ਪਹਿਲਾਂ ਬਣਾਇਆ ਗਿਆ ਗੂੜ੍ਹਾ ਨਿਸ਼ਾਨ ਬੱਚੇ ਦੇ ਨੱਕ ਤੱਕ ਨਾ ਪਹੁੰਚ ਜਾਵੇ।
- ਇਹ ਯਕੀਨੀ ਬਣਾਓ ਕਿ ਤੁਸੀਂ ਨੱਕ 'ਤੇ ਗੂੜ੍ਹਾ ਨਿਸ਼ਾਨ ਦੇਖ ਸਕਦੇ ਹੋ।



**ਚਿੱਤਰ 3**
ਬੱਚੇ ਦੇ ਨੱਕ ਦੇ ਰਸਤੇ ਦੇ ਕੁਦਰਤੀ ਵਕਰ ਦੀ ਪਾਲਣਾ ਕਰਦੇ ਹੋਏ, ਹਲਕੀਆਂ ਉੱਪਰ ਅਤੇ ਪਿੱਛੇ ਦੀਆਂ ਹਰਕਤਾਂ ਦੇ ਨਾਲ NG ਟਿਊਬ ਨੂੰ ਪਾਉਣਾ ਸ਼ੁਰੂ ਕਰੋ।

- NG ਟਿਊਬ ਨੂੰ ਆਪਣੇ ਬੱਚੇ ਦੀ ਗੱਲ੍ਹ ਨਾਲ ਸੁਰੱਖਿਅਤ ਕਰ ਦਿਓ (UC Davis Children's Hospital ਦੀ 'ਪਰਿਵਾਰ ਲਈ ਸਿੱਖਿਆ ਸ਼ੀਟ: ਨੈਸੋਗੈਸਟ੍ਰਿਕ (NG) ਫੀਡਿੰਗ ਟਿਊਬ ਦੀ ਵਰਤੋਂ ਅਤੇ ਦੇਖਭਾਲ' ਦਾ ਪੰਨਾ 3 ਦੇਖੋ)।
- NG ਟਿਊਬ ਦੇ ਸਿਰੇ ਨਾਲ ਫੀਡਿੰਗ ਟਿਊਬ ਸਰਿੰਜ ਲਗਾ ਕੇ ਟਿਊਬ ਦੀ ਸਥਿਤੀ ਦੀ ਜਾਂਚ ਕਰੋ ਅਤੇ ਫਾਰਮੂਲਾ ਅਤੇ/ਜਾਂ ਅੰਸ਼ਕ ਤੌਰ 'ਤੇ ਪਚਿਆ ਭੋਜਨ ਜਾਂ ਪੇਟ ਦੇ ਰਸ (ਸਾਫ਼ ਜਾਂ ਹਲਕਾ ਪੀਲਾ) ਦੇਖਣ ਲਈ ਥੋੜ੍ਹਾ ਪਿੱਛੇ ਖਿੱਚੋ (UC Davis Children's Hospital ਦੀ ਪਰਿਵਾਰ ਲਈ ਸਿੱਖਿਆ ਸ਼ੀਟ: ਨੈਸੋਗੈਸਟ੍ਰਿਕ (NG) ਫੀਡਿੰਗ ਟਿਊਬ ਦੀ ਵਰਤੋਂ ਅਤੇ ਦੇਖਭਾਲ) ਦਾ ਚਿੱਤਰ 2 ਪੰਨਾ 2 ਦੇਖੋ)।

ਇਸ ਤੋਂ ਸਮੱਗਰੀ ਸ਼ਾਮਲ ਹੈ: "Inserting a Nasogastric (NG) Feeding Tube", Boston Children's Hospital, 9/20/2017, #166533; ਇਜਾਜ਼ਤ ਨਾਲ ਵਰਤਿਆ ਗਿਆ।

UC DAVIS HEALTH | CHILDREN'S HOSPITAL | Children's Miracle Network Hospitals